ਦਫਤਰ ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਬਲਾਕ ਈ. ਛੇਵੀਂ ਮੰਜਿਲ. ਪੰਜਾਬ ਸਕੂਲ ਸਿੱਖਿਆ ਬੋਰਡ ਕੰਪ: ਫੇਜ਼ 8, ਐਸ.ਏ.ਐਸ.ਨਗਰ

ਫੋਨ ਨੰਬਰ:- 0172-2212221

---

ਵੱਲ,

ਰਾਜ ਦੇ ਸਮੂਹ ਪ੍ਰਿੰਸੀਪਲ,
ਸਰਕਾਰੀ, ਏਡਿਡ ਅਤੇ ਸੈਲਫ ਫਾਇਨਾਂਸਡ ਬੀ.ਐੱਡ. ਕਾਲਜ।

ਮੀਮੋ ਨੰ:- ਖਖ-10/1-2019 ਐਂਟੀ (2)/
ਮਿਤੀ:- 6-8-2019

ਵਿਸ਼ਾ:- ਰਾਜ ਅੰਦਰ ਵੱਖ-ਵੱਖ ਯੂਨੀਵਰਸਿਟੀਆਂ, ਪੰਜਾਬ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਐਫੀਲੀਏਟਿਡ ਕਾਲਜ (3 ਸਰਕਾਰੀ ਅਤੇ 212 ਏਡਿਡ ਅਤੇ ਸੈਲਫ ਫਾਇਨਾਂਸਡ ਕਾਲਜ) ਵਿੱਚ ਬੀ.ਐੱਡ. ਕਰ ਰਹੇ ਸਿਖਿਆਰਥੀਆਂ ਲਈ ਸਰਕਾਰੀ/ਪ੍ਰਾਈਵੇਟ ਸਕੂਲਾਂ ਵਿੱਚ ਟੀਚਿੰਗ ਪ੍ਰੈਕਟਿਸ ਸਬੰਧੀ ਹਦਾਇਤਾਂ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪਿਛਲੇ ਸਮੇਂ ਦੌਰਾਨ ਧਿਆਨ ਵਿੱਚ ਆਇਆ ਹੈ ਕਿ ਵਿਸ਼ਾ ਅੰਕਿਤ ਕਾਲਜਾਂ ਦੇ ਸਿਖਿਆਰਥੀ ਆਪਣੀ ਸਹੂਲਤ ਅਨੁਸਾਰ ਸਰਕਾਰੀ/ਏਡਿਡ/ਅਣਏਡਿਡ ਸਕੂਲਾਂ ਵਿੱਚ ਟੀਚਿੰਗ ਪ੍ਰੈਕਟਿਸ ਲਗਾਉਣ ਲਈ ਆਪਣੇ ਆਪ ਨੂੰ ਰਜਿਸਟਰ ਕਰਵਾ ਲੈਂਦੇ ਹਨ ਜਿਸ ਨਾਲ ਕਈ ਸਕੂਲਾਂ ਵਿੱਚ ਬਹੁਤਾਤ ਵਿੱਚ 10-10, 12-12 ਸਿਖਿਆਰਥੀ ਚਲੇ ਜਾਂਦੇ ਹਨ ਜਿਸ ਨਾਲ ਉਨ੍ਹਾਂ ਨੂੰ ਕਰਵਾਈ ਜਾ ਰਹੀ ਟੀਚਿੰਗ ਪ੍ਰੈਕਟਿਸ ਦੀ ਕੋਈ ਖਾਸ ਮਹੱਤਤਾ ਨਹੀਂ ਜਾਪਦੀ। ਇਸ ਲਈ ਵਿਭਾਗ ਵੱਲੋਂ ਇਸ ਪ੍ਰੀਕਿਰਆ ਨੂੰ ਤਰਕਸੰਗਤ ਕਰਦੇ ਹੋਏ ਫੈਸਲਾ ਕੀਤਾ ਗਿਆ ਹੈ:-

1. ਹਰੇਕ ਕਾਲਜ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਆਪਣੇ ਕਾਲਜ ਵਿੱਚ ਪੜ੍ਹ ਰਹੇ ਸਿਖਿਆਰਥੀਆਂ ਦਾ ਕੰਪਲੀਟ ਡਾਟਾ ਨਾਲ ਨੱਥੀ ਪ੍ਰੋਫਾਰਮੇ ਵਿੱਚ ਭਰ ਕੇ ਮਿਤੀ 8-8-2019 ਤੱਕ ਵਿਭਾਗ ਦੇ "e punjab school" ਪੋਰਟਲ ਤੇ ਅਪਲੋਡ ਕਰਵਾਉਣਾ ਯਕੀਨੀ ਬਣਾਇਆ ਜਾਵੇ।
2. ਸਮੂਹ ਸੰਸਥਾਵਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੀ ਸੰਸਥਾ ਵਿੱਚ ਬੀ.ਐਡ ਕਰ ਰਹੇ ਸਿਖਿਆਰਥੀਆਂ ਦੇ ਵੇਰਵੇ ਚੰਗੀ ਤਰ੍ਹਾਂ ਘੋਖ ਕੇ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ "e punjab school" ਪੋਰਟਲ ਤੇ ਅਪਲੋਡ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਸਿਖਿਆਰਥੀਆਂ ਵੱਲੋਂ ਗ੍ਰੈਜੂਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਵਿੱਚ ਪ੍ਰਾਪਤ ਅੰਕਾਂ ਦੀ ਪ੍ਰਤੀਸ਼ਤਤਾ ਦੇ ਅਧਾਰ ਤੇ ਮੈਰਿਟ ਤਿਆਰ ਕੀਤੀ ਜਾ ਸਕੇ। ਸਿਖਿਆਰਥੀਆਂ ਦੁਆਰਾ

ਗ੍ਰੈਜੂਏਸ਼ਨ ਭਾਵ ਬੀ.ਏ./ਬੀ.ਐਸ.ਸੀ./ਬੀ.ਕਾਮ./ ਜਾਂ ਪਾਸ ਕੀਤੀ ਕੋਈ ਹੋਰ ਸਟ੍ਰੀਮ ਬਾਰੇ ਸਪੱਸਟ ਵੇਰਵੇ ਅਪਲੋਡ ਕੀਤੇ ਜਾਣ। ਇਸੇ ਤਰ੍ਹਾਂ ਸਿਖਿਆਰਥੀ ਦੁਆਰਾ ਪੋਸਟ ਗ੍ਰੈਜੂਏਸ਼ਨ ਜਿਵੇਂ ਐੱਮ.ਏ./ਐਮ.ਐਸ.ਸੀ./ਐਮ.ਕਾਮ. ਆਦਿ ਦੇ ਵਿਸ਼ਿਆ ਬਾਰੇ ਵੀ ਸਪੱਸ਼ਟ ਇੰਦਰਾਜ ਕੀਤਾ ਜਾਵੇ ਭਾਵ ਸਿਖਿਆਰਥੀ ਐੱਮ.ਏ. ਇਕਨਾਮਿਕਸ ਹੈ ਜਾਂ ਇਤਿਹਾਸ ਆਦਿ, ਐੱਮ.ਐੱਸ.ਸੀ. ਫਿਜੀਕਸ ਹੈ ਜਾਂ ਕਮਿਸਟਰੀ ਆਦਿ।

3. ਮੁੱਖ ਦਫ਼ਤਰ ਵੱਲੋਂ ਹਰੇਕ ਸਿਖਿਆਰਥੀ ਨੂੰ ਸਕੂਲ ਦੀ ਅਲਾਟਮੈਂਟ ਕੀਤੀ ਜਾਵੇਗੀ ਅਤੇ ਕੋਈ ਵੀ ਸਿਖਿਆਰਥੀ ਮੁੱਖ ਦਫ਼ਤਰ ਵੱਲੋਂ ਕੀਤੀ ਅਲਾਟਮੈਂਟ ਤੋਂ ਇਲਾਵਾ ਕਿਸੇ ਹੋਰ ਸਕੂਲ ਵਿੱਚ ਨਹੀਂ ਜਾਵੇਗਾ।
4. ਸਿੱਖਿਆਰਥੀਆਂ ਨੂੰ ਸਕੂਲਾਂ ਦੀ ਅਲਾਟਮੈਂਟ ਉਨ੍ਹਾਂ ਦੀ ਸਹੂਲਤ ਲਈ ਉਸ ਜ਼ਿਲ੍ਹੇ ਵਿੱਚ ਵੀ ਕੀਤੀ ਜਾ ਸਕਦੀ ਹੈ ਜਿਸ ਜਿਲ੍ਹੇ ਦਾ ਉਹ ਰਹਿਣ ਵਾਲਾ ਹੋਵੇ ਭਾਵੇ ਉਹ ਆਪਣੀ ਬੀ.ਐੱਡ ਕਿਸੇ ਹੋਰ ਜ਼ਿਲ੍ਹੇ ਦੀ ਸੰਸਥਾ ਵਿੱਚੋਂ ਕਰ ਰਿਹਾ ਹੋਵੇ।
5. ਸਕੂਲਾਂ ਵਿੱਚ ਅਸਲ ਟੀਚਿੰਗ ਪ੍ਰੈਕਟਿਸ ਕਰਨ ਤੋਂ ਪਹਿਲਾ ਸਾਰੇ ਸਿੱਖਿਆਰਥੀਆਂ ਨੂੰ ਸਿੱਖਿਆ ਵਿਭਾਗ ਦੀਆਂ ਟੀਮਾਂ ਦੁਆਰਾ ਜ਼ਿਲ੍ਹਾ ਪੱਧਰ ਤੇ ਪੰਜ ਦਿਨ ਦੀ ਟ੍ਰੇਨਿੰਗ ਦਿੱਤੀ ਜਾਵੇਗੀ ਜਿਸ ਨਾਲ ਉਨ੍ਹਾਂ ਨੂੰ ਸਿੱਖਿਆ ਵਿਭਾਗ ਵਿੱਚ ਚਲ ਰਹੀਆ ਹੋਰ ਗਤੀਵਿਧੀਆਂ ਅਤੇ ਕੰਮਾ ਬਾਰੇ ਦੱਸਿਆ ਜਾਵੇਗਾ। ਇਸ ਬਾਰੇ ਮਿਤੀ, ਸਮਾਂ ਅਤੇ ਸਥਾਨ ਬਾਅਦ ਵਿੱਚ ਦੱਸਿਆ ਜਾਵੇਗਾ।
6. ਸਿਖਿਆਰਥੀਆਂ ਨੂੰ ਅਲਾਟ ਕੀਤੇ ਗਏ ਸਕੂਲ ਵਿੱਚ ਟ੍ਰੀਚਿੰਗ ਪ੍ਰੈਕਟਿਸ ਦੀ ਇਵੈਲੂਏਸ਼ਨ ਸਬੰਧਤ ਸਕੂਲ ਮੁਖੀ ਵੱਲੋਂ ਕੀਤੀ ਜਾਵੇਗੀ ਅਤੇ ਜਿਸ ਦੇ ਅਧਾਰ ਤੇ ਟੀਚਿੰਗ ਪ੍ਰੈਕਟਿਸ ਖਤਮ ਹੋਣ ਉਪਰੰਤ ਸਿਖਿਆਰਥੀਆਂ ਨੂੰ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ। ਇਸ ਸਬੰਧੀ ਵਿਸਥਾਰ ਨਾਲ evaluation ਦਾ criteria ਬਾਅਦ ਵਿੱਚ ਦੱਸਿਆ ਜਾਵੇਗਾ।

ਇਸ ਲਈ ਆਪ ਸਭ ਨੂੰ ਲਿਖਿਆ ਜਾਂਦਾ ਹੈ ਕਿ ਬਿਨ੍ਹਾ ਦੇਰੀ ਤੋਂ ਨਾਲ ਨੱਥੀ ਪ੍ਰੋਫਾਰਮੇ ਵਿੱਚ ਤੁਰੰਤ ਸੂਚਨਾ ਭਰ ਕੇ ਭੇਜੀ ਜਾਵੇ ਤਾਂ ਜੋ ਬਿਨ੍ਹਾ ਸਮਾਂ ਨਸ਼ਟ ਕੀਤਿਆ ਟੀਚਿੰਗ ਪ੍ਰੈਕਟਿਸ ਸੁਰੂ ਕੀਤੀ ਜਾ ਸਕੇ।

ਡਾਇਰੈਕਟਰ
ਐਸ.ਸੀ.ਈ.ਆਰ.ਟੀ.,ਪੰਜਾਬ

**Name of the college with full address:**

| | | |
|---|---|---|
| 1 | Name of the Student: | |
| 2 | Registration No.: | |
| 3 | Father's name: | |
| 4 | Educational Qualifications | |
| | (i) B.A/ B.Sc./ B.Com/ Others | |
| | Total Marks: | |
| | Marks obtained : | |
| | Percentage: | |
| | (ii) M.A/M.Sc./ M.com/ Others | |
| | Total Marks: | |
| | Marks obtained : | |
| | Percentage: | |
| 5 | Teaching subjects | |
| | (i) | |
| | (ii) | |
| 6 | Mobile Number: | |
| 7 | Email Id: | |
| 8 | Home Address / District: | |
| 9 | District in which Students want to undergo Teaching practice | |
| 10 | Remarks if any: | |

Director SCERT
Punjab